Ministry of Employment and Income Assistance

# ਸਰਵਿਸ ਕੋਡ

---

## *ਗਾਹਕ ਜਾਂ ਪਬਲਿਕ ਦੇ ਮੈਂਬਰ ਵਜੋਂ ਤੁਸੀਂ ਮਨਿਸਟਰੀ ਦੇ ਸਟਾਫ ਤੋਂ ਇਹ ਆਸ ਰੱਖ ਸਕਦੇ ਹੋ:*

- ਹਲੀਮੀ ਨਾਲ, ਪੇਸ਼ਾਵਰ ਅਤੇ ਇਕਸਾਰ ਸਰਵਿਸ ਇਸ ਤਰੀਕੇ ਨਾਲ ਮਿਲੇ ਜਿਹੜੀ ਸੁਣਨ ਤੋਂ ਲੈ ਕੇ ਸਮਝਣ ’ਤੇ ਜ਼ੋਰ ਦੇਵੇ;
- ਤੁਹਾਡੇ ਓਹਲੇ ਅਤੇ ਭੇਤਦਾਰੀ ਦਾ ਆਦਰ ਹੋਵੇ;
- ਤੁਹਾਡੀ ਹਾਲਤ ਅਤੇ ਲੋੜਾਂ ਦਾ ਵਾਜਬ ਅਤੇ ਪੂਰਾ ਅਨੁਮਾਨ ਲੱਗੇ;
- ਤੁਹਾਡੀਆਂ ਲੋੜਾਂ ਪੂਰੀਆਂ ਕਰਨ ਲਈ ਅਸਲੀ ਪਹੁੰਚਾਂ ਦੀ ਪਛਾਣ ਕਰਨ ਵਿਚ ਸਹਾਇਤਾ ਮਿਲੇ;
- ਜਿੰਨਾ ਵੀ ਛੇਤੀ ਹੋ ਸਕੇ ਫੈਸਲਿਆਂ ਬਾਰੇ ਜਾਣਕਾਰੀ ਅਤੇ ਸਾਫ ਸਾਫ ਸਪਸ਼ਟੀਕਰਨ ਮਿਲੇ;
- ਮਨਿਸਟਰ ਦੇ ਨਿਯਮਾਂ, ਅਤੇ ਅੰਦਰੂਨੀ ਪੁਨਰ-ਵਿਚਾਰਾਂ ਅਤੇ ਅਪੀਲ ਕਾਰਜਾਂ ਨੂੰ ਸਮਝਣ ਵਿਚ ਮਦਦ ਮਿਲੇ।

## *ਮਨਿਸਟਰੀ ਦੇ ਮੁਲਾਜ਼ਮਾਂ ਵਜੋਂ ਅਸੀਂ ਇਹ ਉਮੀਦ ਕਰਦੇ ਹਾਂ ਕਿ ਗਾਹਕ ਅਤੇ ਪਬਲਿਕ ਦੇ ਮੈਂਬਰ:*

- ਸਾਡੇ ਨਾਲ ਹਲੀਮੀ ਅਤੇ ਆਦਰ ਵਾਲਾ ਵਰਤਾਉ ਕਰਨਗੇ;
- ਸਾਨੂੰ ਸਹੀ ਜਾਣਕਾਰੀ ਦੇਣਗੇ ਜਿਹੜੀ ਸਾਨੂੰ ਤੁਹਾਨੂੰ ਸਰਵਿਸ ਦੇਣ ਲਈ ਚਾਹੀਦੀ ਹੈ;
- ਮਦਦ ਲੈਣ ਲਈ ਲੋੜੀਂਦੀਆਂ ਸ਼ਰਤਾਂ ਪੂਰੀਆਂ ਕਰਨ ਲਈ ਜ਼ਿੰਮੇਵਾਰ ਹੋਣਗੇ;
- ਆਪਣੀ ਸਮਰਥਾ ਤੱਕ ਪਹੁੰਚਣ ਦੀ ਜ਼ਿੰਮੇਵਾਰੀ ਚੁੱਕਣਗੇ।

***ਅਸੀਂ ਸੇਵਾਵਾਂ ਵਿਚ ਸੁਧਾਰ ਕਰਨ ਅਤੇ ਆਪਸੀ ਸਬੰਧ ਮਜ਼ਬੂਤ ਕਰਨ ਲਈ ਵਚਨਬੱਧ ਹਾਂ। ਇਹ ਸਰਵਿਸ ਕੋਡ, ਸਾਡੀ ਸੰਸਥਾ ਦੀਆਂ ਕਦਰਾਂ-ਕੀਮਤਾਂ ਦੀ ਸੇਧ ਹੇਠ, ਸਾਡੇ ਵਲੋਂ ਦੂਜਿਆਂ ਨਾਲ ਗੱਲਬਾਤ ਕਰਨ ਦੌਰਾਨ ਸਾਡੀ ਮਨਿਸਟਰੀ ਦੀਆਂ ਉਮੀਦਾਂ ਬਾਰੇ ਦੱਸਦਾ ਹੈ।***

BRITISH COLUMBIA
Ministry of Employment and Income Assistance